Punjab Government Gazette

Published by Authority

No. 28] CHANDIGARH, FRIDAY JULY 10, 2026 (ASADHA 19, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ

(ਗ੍ਰਹਿ-3 ਸ਼ਾਖਾ)

ਅਧਿਸੂਚਨਾ

ਮਿਤੀ 6 ਦਸੰਬਰ, 2023

ਨੰ: HOME-HM-30ESBM/50/2023-HOME-3/I/736636/2023-ਸ਼੍ਰੀ ਜੰਗ ਬਹਾਦਰ, ਪੀ.ਪੀ.ਐੱਸ., ਨੰ 100/ਜੇ.ਆਰ. ਪੁੱਤਰ ਲੇਟ ਸ਼੍ਰੀ ਐੱਚ.ਕੇ.ਸ਼ਰਮਾ, ਉਪ ਕਪਤਾਨ ਪੁਲਿਸ, ਆਈ.ਐੱਸ.ਟੀ.ਸੀ., ਕਪੂਰਥਲਾ ਨੂੰ 58 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਮਿਤੀ 30.09.2023 (ਬ.ਦ) ਸੇਵਾ ਨਿਵਿਰਤ ਕੀਤਾ ਜਾਂਦਾ ਹੈ।

2. ਇਨ੍ਹਾਂ ਅਧਿਕਾਰੀਆਂ ਦੀ ਸੇਵਾ ਨਿਵਿਰਤੀ ਦੇ ਹੁਕਮ ਇਸ ਸ਼ਰਤ ਤੇ ਜਾਰੀ ਕੀਤੇ ਜਾਂਦੇ ਹਨ:

ੳ) ਸ਼੍ਰੀ ਜੰਗ ਬਹਾਦਰ, ਪੀ.ਪੀ.ਐੱਸ., ਨੰ 100/ਜੇ.ਆਰ. ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਸਬੰਧ ਵਿੱਚ ਸਰਕਾਰ ਵਲੋਂ ਪੰਜਾਬ ਸਿਵਲ ਸੇਵਾਵਾਂ(ਸਜਾ ਅਤੇ ਅਪੀਲ) ਨਿਯਮਾਂਵਲੀ 1970 ਅਧੀਨ ਵਿਭਾਗੀ ਪੜਤਾਲ ਆਰੰਭ ਕੀਤੀ ਗਈ ਹੈ ਅਤੇ ਸਰਕਾਰ ਦੇ ਪੱਤਰ ਮਿਤੀ 06.02.2023 ਰਾਹੀਂ ਦੋਸ਼ ਸੂਚੀ ਦੇ ਖਰੜੇ ਦੀ ਮੰਗ ਕੀਤੀ ਗਈ ਹੈ। ਇਸ ਪੜਤਾਲ ਵਿੱਚ ਲਿਆ ਜਾਣਾ ਅੰਤਿਮ ਫੈਸਲਾ ਇਸ ਅਧਿਕਾਰੀ ਤੇ ਇੰਨ ਬਿੰਨ ਲਾਗੂ ਹੋਵੇਗਾ।

ਅ) ਇਸ ਅਧਿਕਾਰੀ ਵਿਰੁੱਧ ਭਵਿੱਖ ਵਿਚ ਜੇਕਰ ਕੋਈ ਕਰਿਮੀਨਲ/ਸਿਵਲ ਕੋਰਟ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਕੋਈ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਉਹਨਾਂ ਵਿਰੁੱਧ ਪੰਜਾਬ ਸੀ.ਐਸ.ਆਰ ਭਾਗ-2 ਦੇ ਨਿਯਮ 2.2 ਦੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਇਨ੍ਹਾਂ ਅਧਿਕਾਰੀਆਂ ਅਧਿਕਾਰੀ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਨਾਂ ਦੇ ਰਿਟਾਇਰਮੈਂਟ ਲਾਭਾਂ (ਗਰੈਚੁਟੀ/ਲੀਵ ਇੰਨਕੈਸ਼ਮੈਂਟ/ਪੈਨਸ਼ਨ) ਵਿੱਚੋਂ ਕੀਤੀ ਜਾਵੇਗੀ।

ਗੁਰਕਿਰਤ ਕਿਰਪਾਲ ਸਿੰਘ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ।

ਚੰਡੀਗੜ੍ਹ
ਮਿਤੀ 2 ਦਸੰਬਰ, 2023

3766/7-2026/Pb. Govt. Press, S.A.S. Nagar